Washington State Health Care Authority

# Apple Health ਡੇਟਾ ਗੋਪਨੀਯਤਾ ਕਲਾਇੰਟ ਦੁਆਰਾ ਅਕਸਰ ਪੁੱਛੇ ਜਾਂਦੇ ਸਵਾਲ

**Apple Health (Medicaid) ਕਲਾਇੰਟ:** ਆਪਣੀ ਗੋਪਨੀਯਤਾ ਅਤੇ ਤੁਹਾਡੀ ਜਾਣਕਾਰੀ ਨੂੰ ਕਿਵੇਂ ਸਾਂਝਾ ਕੀਤਾ ਜਾਂਦਾ ਹੈ ਬਾਰੇ ਹੋਰ ਜਾਣਨ ਲਈ ਇਹਨਾਂ frequently asked questions (ਅਕਸਰ ਪੁੱਛੇ ਜਾਣ ਵਾਲੇ ਸਵਾਲ, FAQ) ਦੀ ਵਰਤੋਂ ਕਰੋ।

ਵਾਧੂ ਜਾਣਕਾਰੀ ਲਈ, ਘੋਸ਼ਣਾ ਪੜ੍ਹੋ ਜਾਂ ਸਾਥੀ ਅਤੇ ਕਮਿਊਨਿਟੀ FAQ ਵੇਖੋ।

## ਕੀ ਹੋਇਆ?

The Health Care Authority (ਸਿਹਤ ਸੰਭਾਲ ਅਥਾਰਟੀ, HCA) ਤੁਹਾਡਾ ਨਾਮ, ਪਤਾ, ਫ਼ੋਨ ਨੰਬਰ, ਅਤੇ ਤੁਹਾਨੂੰ ਮਿਲਣ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਵਰਗੀ ਨਿੱਜੀ ਜਾਣਕਾਰੀ Centers for Medicare and Medicaid Services (ਮੈਡੀਕੇਅਰ ਅਤੇ ਮੈਡੀਕੇਡ ਸੇਵਾਵਾਂ ਲਈ ਕੇਂਦਰ, CMS) ਨੂੰ ਭੇਜਦੀ ਹੈ। CMS ਫੈਡਰਲ ਏਜੰਸੀ ਹੈ ਜੋ Medicaid ਚਲਾਉਂਦੀ ਹੈ।

HCA ਮੰਨਦਾ ਹੈ ਪਰ ਪੁਸ਼ਟੀ ਨਹੀਂ ਕਰ ਸਕਦਾ ਕਿ ਇਹ ਜਾਣਕਾਰੀ Department of Homeland Security (ਹੋਮਲੈਂਡ ਸੁਰੱਖਿਆ ਵਿਭਾਗ, DHS) ਨਾਲ ਸਾਂਝੀ ਕੀਤੀ ਗਈ ਹੈ। HCA ਨੂੰ ਇਸ ਬਾਰੇ 13 ਜੂਨ, 2025 ਨੂੰ ਪ੍ਰਕਾਸ਼ਿਤ ਇੱਕ ਖ਼ਬਰ ਕਹਾਣੀ ਤੋਂ ਪਤਾ ਲੱਗਾ।

## ਇਹ ਕਿਉਂ ਹੋਇਆ?

ਖ਼ਬਰ ਦੀ ਕਹਾਣੀ ਵਿੱਚ ਕਿਹਾ ਗਿਆ ਹੈ ਕਿ CMS ਨੂੰ U.S. Department of Health and Human Services (U.S. ਸਿਹਤ ਅਤੇ ਮਨੁੱਖੀ ਸੇਵਾ ਵਿਭਾਗ, HHS) ਦੇ ਆਗੂਆਂ ਦੁਆਰਾ DHS ਨੂੰ ਇਹ ਜਾਣਕਾਰੀ ਦੇਣ ਲਈ ਕਿਹਾ ਗਿਆ ਸੀ। HHS ਦੇਸ਼ ਭਰ ਵਿੱਚ ਬਹੁਤ ਸਾਰੇ ਸਿਹਤ ਸੰਭਾਲ ਪ੍ਰੋਗਰਾਮਾਂ ਦੀ ਨਿਗਰਾਨੀ ਕਰਦਾ ਹੈ, ਅਤੇ CMS HHS ਦਾ ਇੱਕ ਹਿੱਸਾ ਹੈ।

## ਕਿਸਦੀ ਨਿੱਜੀ ਜਾਣਕਾਰੀ ਸਾਂਝੀ ਕੀਤੀ ਗਈ ਸੀ?

HCA ਉਹਨਾਂ ਲੋਕਾਂ ਲਈ CMS ਨੂੰ ਜਾਣਕਾਰੀ ਭੇਜਦਾ ਹੈ ਜੋ Apple Health ਪ੍ਰੋਗਰਾਮ ਵਿੱਚ ਦਾਖਲ ਹਨ ਜੋ ਸੰਘੀ ਫੰਡਿੰਗ ਪ੍ਰਾਪਤ ਕਰਦੇ ਹਨ। ਇਸ ਵਿੱਚ Apple Health ਐਕਸਪੈਂਸ਼ਨ ਸ਼ਾਮਲ ਹੈ।

ਇਸ ਵੇਲੇ, ਸਾਨੂੰ ਬਿਲਕੁਲ ਨਹੀਂ ਪਤਾ ਕਿ CMS ਨੇ DHS ਨਾਲ ਕੀ ਸਾਂਝਾ ਕੀਤਾ ਹੈ। ਸਾਨੂੰ ਚਿੰਤਾ ਹੈ ਕਿ DHS ਕੋਲ ਜ਼ਿਆਦਾਤਰ ਲੋਕਾਂ ਬਾਰੇ ਨਿੱਜੀ ਜਾਣਕਾਰੀ ਹੋ ਸਕਦੀ ਹੈ ਜੋ Apple Health (Medicaid) ਦੀ ਵਰਤੋਂ ਕਰਦੇ ਹਨ।

## ਕੀ ਮੈਂ Apple Health ਨੂੰ ਰੱਦ ਕਰਕੇ ਆਪਣੀ ਜਾਣਕਾਰੀ ਦੀ ਰੱਖਿਆ ਕਰ ਸਕਦਾ(ਦੀ) ਹਾਂ?

ਨਹੀਂ, ਹੁਣ ਤੁਹਾਡੀ Apple Health ਕਵਰੇਜ਼ ਨੂੰ ਰੱਦ ਕਰਨ ਨਾਲ CMS ਨਾਲ ਪਹਿਲਾਂ ਹੀ ਸਾਂਝੀ ਕੀਤੀ ਗਈ ਜਾਣਕਾਰੀ ਵਾਪਸ ਨਹੀਂ ਲਈ ਜਾਵੇਗੀ।

ਸਾਰੇ ਰਾਜਾਂ ਨੂੰ ਕਈ ਸਾਲਾਂ ਤੋਂ ਇਹ ਜਾਣਕਾਰੀ ਸੰਘੀ ਸਰਕਾਰ ਨਾਲ ਸਾਂਝੀ ਕਰਨ ਦੀ ਲੋੜ ਹੈ।

## HCA ਮੇਰੀ ਜਾਣਕਾਰੀ CMS ਨਾਲ ਕਿਉਂ ਸਾਂਝੀ ਕਰਦਾ ਹੈ?

ਫੈਡਰਲ ਸਰਕਾਰ Apple Health (Medicaid) ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਰਾਜ ਨੂੰ ਪੈਸੇ ਦਿੰਦੀ ਹੈ। ਇਹ ਪੈਸਾ ਪ੍ਰਾਪਤ ਕਰਨ ਲਈ, HCA ਨੂੰ ਕਾਨੂੰਨ ਦੁਆਰਾ CMS ਨਾਲ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੈ।

## ਮੇਰੇ ਕੋਲ Apple Health ਐਕਸਪੈਨਸ਼ਨ ਕਵਰੇਜ ਹੈ। ਕੀ ਮੇਰੀ ਜਾਣਕਾਰੀ ਸਾਂਝੀ ਕੀਤੀ ਗਈ ਸੀ?

ਹਾਂ। ਜੇਕਰ ਤੁਸੀਂ Apple Health ਐਕਸਪੈਂਸ਼ਨ ਵਿੱਚ ਦਾਖਲ ਹੋ, ਤਾਂ ਤੁਹਾਡੀ ਜਾਣਕਾਰੀ CMS ਨਾਲ ਸਾਂਝੀ ਕੀਤੀ ਗਈ ਸੀ। ਭਾਵੇਂ

ਜ਼ਿਆਦਾਤਰ Apple Health ਐਕਸਪੈਨਸ਼ਨ ਸੇਵਾਵਾਂ ਦਾ ਭੁਗਤਾਨ ਰਾਜ ਦੁਆਰਾ ਕੀਤਾ ਜਾਂਦਾ ਹੈ, ਪਰ ਐਮਰਜੈਂਸੀ ਸਿਹਤ ਸੰਭਾਲ ਮੁਲਾਕਾਤਾਂ ਲਈ ਸੰਘੀ ਡਾਲਰ ਵਰਤੇ ਜਾਂਦੇ ਹਨ।

### ਕੀ ਮੇਰੀ ਇਮੀਗ੍ਰੇਸ਼ਨ ਸਥਿਤੀ CMS ਨਾਲ ਸਾਂਝੀ ਕੀਤੀ ਗਈ ਸੀ?

HCA, CMS ਵਾਲੇ ਵਿਅਕਤੀਆਂ ਲਈ ਵਿਸ਼ੇਸ਼, ਵਿਸਤ੍ਰਿਤ ਇਮੀਗ੍ਰੇਸ਼ਨ ਸਥਿਤੀ ਜਾਣਕਾਰੀ ਦੀ ਰਿਪੋਰਟ ਨਹੀਂ ਕਰਦਾ ਹੈ। Apple Health ਐਕਸਪੈਂਸ਼ਨ ਵਿੱਚ ਨਾਮਾਂਕਿਤ ਹੋਏ ਲੋਕਾਂ ਲਈ, ਲਗਭਗ ਹਰ ਕਿਸੇ ਨੂੰ ਇਮੀਗ੍ਰੇਸ਼ਨ ਦਰਜਾ ਇਸ ਦੇ ਰੂਪ ਵਿੱਚ ਦਿੱਤਾ ਗਿਆ ਸੀ:

- 'ਯੋਗ ਗੈਰ-ਨਾਗਰਿਕ', ਇਹ ਇੱਕ ਅਜਿਹੇ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਇੱਕ ਗੈਰ-ਨਾਗਰਿਕ ਹੈ, ਜਿਸਨੂੰ ਇੱਕ ਵਿਸ਼ੇਸ਼ ਇਮੀਗ੍ਰੇਸ਼ਨ ਦਰਜਾ ਦਿੱਤਾ ਗਿਆ ਹੈ, ਜਾਂ
- ਇੱਕ ਐਮਰਜੈਂਸੀ ਸੇਵਾਵਾਂ ਪ੍ਰਾਪਤਕਰਤਾ, ਜਿਸਦਾ ਅਰਥ ਹੈ ਕਿ ਤੁਸੀਂ ਏਲੀਅਨ ਐਮਰਜੈਂਸੀ ਮੈਡੀਕਲ ਪ੍ਰੋਗਰਾਮ ਦੇ ਤਹਿਤ ਐਮਰਜੈਂਸੀ ਸੇਵਾਵਾਂ ਲਈ ਯੋਗ ਹੋ, ਜਾਂ
- 'ਹੋਰ' ਵਜੋਂ ਸੂਚੀਬੱਧ, ਜਿਸਦਾ ਅਰਥ ਹੈ ਕਿ ਕੋਈ ਹੋਰ ਸ਼੍ਰੇਣੀ ਨਹੀਂ ਹੈ ਜੋ ਤੁਹਾਡੇ ਇਮੀਗ੍ਰੇਸ਼ਨ ਸਥਿਤੀ ਦਾ ਵਰਣਨ ਕਰਦੀ ਹੈ।

### DHS ਦੁਆਰਾ ਇਸ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ?

ਅਸੀਂ ਨਹੀਂ ਜਾਣਦੇ ਕਿ ਇਮੀਗ੍ਰੇਸ਼ਨ ਜਾਣਕਾਰੀ ਕਿਵੇਂ ਵਰਤੀ ਜਾਵੇਗੀ। ਅਸੀਂ ਚਿੰਤਤ ਹਾਂ ਕਿ ਇਸਦੀ ਵਰਤੋਂ ਇਮੀਗ੍ਰੇਸ਼ਨ ਲਾਗੂ ਕਰਨ ਲਈ ਕੀਤੀ ਜਾ ਸਕਦੀ ਹੈ।

## ਜੇਕਰ DHS ਇਮੀਗ੍ਰੇਸ਼ਨ ਲਾਗੂ ਕਰਨ ਲਈ ਮੇਰੀ ਜਾਣਕਾਰੀ ਦੀ ਵਰਤੋਂ ਕਰਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਸੀਂ ਇਮੀਗ੍ਰੇਸ਼ਨ ਲਾਗੂ ਕਰਨ ਬਾਰੇ ਚਿੰਤਤ ਹੋ, ਤਾਂ ਆਪਣੇ ਅਧਿਕਾਰਾਂ ਬਾਰੇ ਜਾਣਨ ਲਈ Washington (ਸਟੇਟ ਅਟਾਰਨੀ

ਜਨਰਲ ਦਫ਼ਤਰ) ਦੇ ਆਪਣੇ ਅਧਿਕਾਰ ਜਾਣੋ: Washington ਵਿੱਚ ਸਿਵਲ ਇਮੀਗ੍ਰੇਸ਼ਨ ਲਾਗੂਕਰਨ ਵੈੱਬਪੇਜ 'ਤੇ ਜਾਓ।

ਇਸ ਵੈੱਬਸਾਈਟ ਵਿੱਚ ਅਜਿਹੀ ਜਾਣਕਾਰੀ ਹੈ ਜੋ ਤੁਹਾਨੂੰ ਤਿਆਰ ਰਹਿਣ ਵਿੱਚ ਮਦਦ ਕਰ ਸਕਦੀ ਹੈ ਜੇਕਰ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਜਾਂਦਾ ਹੈ। ਤੁਸੀਂ ਸਕ੍ਰੀਨ ਦੇ ਖੱਬੇ ਪਾਸੇ ਦਿੱਤੇ ਟੂਲ ਦੀ ਵਰਤੋਂ ਕਰਕੇ ਵੈੱਬਸਾਈਟ ਦਾ ਕਈ ਭਾਸ਼ਾਵਾਂ ਵਿੱਚ

ਅਨੁਵਾਦ ਕਰ ਸਕਦੇ ਹੋ ਜਾਂ ਪੰਨਾ 3 'ਤੇ ਅਨੁਵਾਦਿਤ ਆਪਣੇ ਅਧਿਕਾਰ ਜਾਣੋ ਸਰੋਤਾਂ ਨੂੰ ਦੇਖ ਸਕਦੇ ਹੋ।

## ਕੀ ਮੈਂ ਸੰਘੀ ਸਰਕਾਰ ਨਾਲ ਆਪਣੀ ਜਾਣਕਾਰੀ ਸਾਂਝੀ ਕਰਨ ਤੋਂ ਹਟ ਸਕਦਾ ਹਾਂ?

ਨਹੀਂ। ਜੇਕਰ ਤੁਹਾਡੇ ਕੋਲ Apple Health ਕਵਰੇਜ ਹੈ, ਤਾਂ HCA ਨੂੰ ਸੰਘੀ ਸਰਕਾਰ ਨਾਲ ਤੁਹਾਡੀ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੈ। ਇਹ ਕਾਨੂੰਨ ਦੁਆਰਾ ਲੋੜੀਂਦਾ ਹੈ। ਤੁਸੀਂ ਬਾਹਰ ਨਹੀਂ ਆ ਸਕਦੇ।

ਤੁਸੀਂ ਕਿਸੇ ਵੀ ਸਮੇਂ ਆਪਣੀ Apple Health ਕਵਰੇਜ ਨੂੰ ਰੱਦ ਕਰਨ ਦੀ ਚੋਣ ਕਰ ਸਕਦੇ ਹੋ। ਆਪਣੀ ਕਵਰੇਜ ਨੂੰ ਔਨਲਾਈਨ ਕਿਵੇਂ ਰੱਦ ਕਰਨਾ ਹੈ ਬਾਰੇ ਜਾਣੋ। ਆਪਣੇ Apple Health ਕਵਰੇਜ ਨੂੰ ਹੁਣ ਰੱਦ ਕਰਨ ਨਾਲ CMS ਨਾਲ ਪਹਿਲਾਂ ਹੀ ਸਾਂਝੀ ਕੀਤੀ ਗਈ ਜਾਣਕਾਰੀ ਵਾਪਸ ਨਹੀਂ ਲਈ ਜਾਵੇਗੀ।

## ਮੈਂ ਕਿਵੇਂ ਪਤਾ ਲਗਾ ਸਕਦਾ(ਦੀ) ਹਾਂ ਕਿ ਮੇਰੀ ਜਾਣਕਾਰੀ ਸਾਂਝੀ ਕੀਤੀ ਗਈ ਸੀ?

ਜੇਕਰ ਤੁਸੀਂ Apple Health ਵਿੱਚ ਨਾਮਾਂਕਿਤ ਹੋ, ਜਾਂ ਤੁਸੀਂ ਪਹਿਲਾਂ ਨਾਮਾਂਕਿਤ ਸੀ, ਤਾਂ ਤੁਹਾਡੀ ਜਾਣਕਾਰੀ CMS ਨਾਲ ਸਾਂਝੀ ਕੀਤੀ ਗਈ ਹੈ, ਜਿਵੇਂ ਕਿ ਲੋੜ ਹੋਵੇ।

ਇਸ ਵਿੱਚ Apple Health ਐਕਸਪੈਂਸ਼ਨ ਲਈ ਉਡੀਕ ਸੂਚੀ ਵਿੱਚ ਜਾਂ ਨਾਮਾਂਕਿਤ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਕਿਸੇ ਹੋਰ Apple Health ਪ੍ਰੋਗਰਾਮ ਰਾਹੀਂ ਦੇਖਭਾਲ ਮਿਲੀ ਹੈ।

ਜੇਕਰ ਤੁਸੀਂ Apple Health ਲਈ ਅਰਜ਼ੀ ਦਿੱਤੀ ਸੀ ਪਰ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਕਦੇ ਨਾਮਾਂਕਿਤ ਨਹੀਂ ਹੋਇਆ ਤਾਂ ਤੁਹਾਡੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਸੀ।

## ਜੇਕਰ ਮੈਂ ਐਪਲ ਹੈਲਥ ਨੂੰ ਰੱਦ ਕਰ ਦਿੰਦਾ ਹਾਂ ਤਾਂ ਸਿਹਤ ਸੰਭਾਲ ਕਵਰੇਜ ਲਈ ਮੇਰੇ ਕੋਲ ਕੀ ਵਿਕਲਪ ਹਨ?

ਜੇਕਰ ਤੁਸੀਂ ਕਿਸੇ ਹਸਪਤਾਲ ਜਾਂਦੇ ਹੋ, ਤਾਂ ਤੁਸੀਂ Washington's ਚੈਰਿਟੀ ਦੇਖਭਾਲ ਕਾਨੂੰਨ ਰਾਹੀਂ ਦੇਖਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਯੋਗ ਹੋ ਸਕਦੇ ਹੋ। ਤੁਸੀਂ ਇੱਕ ਮੁਫ਼ਤ ਕਲੀਨਿਕ ਜਾਂ ਕਮਿਊਨਿਟੀ ਹੈਲਥ ਸੈਂਟਰ ਵਿੱਚ ਮੁਫਤ ਜਾਂ ਘੱਟ ਦੇਖਭਾਲ ਵੀ ਪ੍ਰਾਪਤ ਕਰ ਸਕਦੇ ਹੋ।

## ਮੈਂ ਆਪਣਾ ਪਤਾ ਜਾਂ ਫ਼ੋਨ ਨੰਬਰ ਕਿਵੇਂ ਬਦਲਾਂ?

ਆਪਣੀ ਸੰਪਰਕ ਜਾਣਕਾਰੀ ਨੂੰ ਕਿਵੇਂ ਅਪਡੇਟ ਕਰਨਾ ਹੈ ਇਹ ਜਾਣਨ ਲਈ hca.wa.gov/report-a-change 'ਤੇ ਜਾਓ। ਨਿਰਦੇਸ਼ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ।

HCA ਮਹੀਨੇ ਵਿੱਚ ਇੱਕ ਵਾਰ ਪਤੇ ਵਿੱਚ ਤਬਦੀਲੀਆਂ ਨੂੰ ਅੱਪਡੇਟ ਕਰਦਾ ਹੈ। ਕਿਉਂਕਿ ਸਾਨੂੰ ਮਹੀਨਾਵਾਰ ਫਾਈਲਾਂ CMS ਨੂੰ ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ, ਇਸ ਲਈ ਅੱਪਡੇਟ ਕੀਤੇ ਪਤੇ ਦੀ ਜਾਣਕਾਰੀ ਅੰਤ ਵਿੱਚ CMS ਨੂੰ ਅੱਪਡੇਟ ਕੀਤੇ ਜਾਣ ਤੋਂ ਬਾਅਦ ਭੇਜੀ ਜਾਵੇਗੀ। CMS ਸਾਰੀ ਪੁਰਾਣੀ ਜਾਣਕਾਰੀ ਰੱਖਦਾ ਹੈ। ਇਸਦਾ ਮਤਲਬ ਹੈ ਕਿ ਉਹਨਾਂ ਕੋਲ ਤੁਹਾਡੇ ਪੁਰਾਣੇ ਅਤੇ ਨਵੇਂ ਸੰਪਰਕ ਵੇਰਵਿਆਂ ਤੱਕ ਪਹੁੰਚ ਜਾਰੀ ਰਹੇਗੀ।

## ਰਾਜ ਮੇਰੀ ਜਾਣਕਾਰੀ ਦੀ ਰੱਖਿਆ ਕਿਵੇਂ ਕਰਦਾ ਹੈ?

HCA ਨੂੰ ਰਾਜ ਅਤੇ ਸੰਘੀ ਕਾਨੂੰਨਾਂ ਦੁਆਰਾ ਸਿਰਫ਼ ਕੁਝ ਖਾਸ ਕਾਰਨਾਂ ਕਰਕੇ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਜਾਂ ਸਾਂਝਾ ਕਰਨ ਦੀ ਲੋੜ ਹੁੰਦੀ ਹੈ।

HCA ਕਿੰਨੀ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਨੂੰ ਸੀਮਤ ਕਰਨ ਲਈ ਕਦਮ ਚੁੱਕ ਰਿਹਾ ਹੈ। ਉਦਾਹਰਣ ਵਜੋਂ, ਅਸੀਂ ਹੁਣ Apple Health ਐਕਸਪੈਂਸ਼ਨ ਵਿੱਚ ਦਾਖਲ ਹੋਏ ਲੋਕਾਂ ਲਈ ਜ਼ਿਆਦਾਤਰ ਮੈਡੀਕਲ ਸੇਵਾਵਾਂ (ਜਿਸਨੂੰ ਦਾਅਵੇ ਵੀ ਕਿਹਾ ਜਾਂਦਾ ਹੈ) ਜਾਣਕਾਰੀ ਸਾਂਝੀ ਨਹੀਂ ਕਰਦੇ ਹਾਂ। ਸਾਨੂੰ ਅਜੇ ਵੀ Apple Health ਐਕਸਪੈਂਸ਼ਨ ਨਾਮਾਂਕਣ ਜਾਣਕਾਰੀ, ਨਾਲ ਹੀ ਪ੍ਰਾਪਤ ਐਮਰਜੈਂਸੀ ਸੇਵਾਵਾਂ, ਕੈਂਸਰ ਜਾਂ ਡਾਇਲਸਿਸ ਇਲਾਜ, ਜਾਂ ਟ੍ਰਾਂਸਪਲਾਂਟ ਤੋਂ ਬਾਅਦ ਦੀ ਦੇਖਭਾਲ ਲਈ ਦਾਅਵਿਆਂ ਲਈ ਡੇਟਾ ਸਾਂਝਾ ਕਰਨ ਦੀ ਲੋੜ ਹੈ। ਇਹ ਸੇਵਾਵਾਂ ਸੰਘੀ ਫੰਡਾਂ ਦੁਆਰਾ ਸਮਰਥਤ ਹਨ, ਇਸ ਲਈ HCA ਨੂੰ ਅਜੇ ਵੀ ਉਹਨਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ।

HCA ਘੱਟ ਡੇਟਾ ਸਾਂਝਾ ਕਰਦੇ ਹੋਏ ਲੋਕਾਂ ਨੂੰ ਲੋੜੀਂਦੀ ਦੇਖਭਾਲ ਦੇਣ ਦੇ ਬਿਹਤਰ ਤਰੀਕਿਆਂ ਦੀ ਭਾਲ ਕਰ ਰਿਹਾ ਹੈ। ਅਸੀਂ ਗਵਰਨਰ ਦਫ਼ਤਰ ਅਤੇ ਹੋਰ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਜਲਦੀ ਤੋਂ ਜਲਦੀ ਬਦਲਾਅ ਕੀਤੇ ਜਾ ਸਕਣ।

## ਕੀ ਮੈਨੂੰ ਅਜੇ ਵੀ ਆਪਣੀਆਂ ਡਾਕਟਰੀ ਮੁਲਾਕਾਤਾਂ 'ਤੇ ਜਾਣਾ ਚਾਹੀਦਾ ਹੈ ਜਾਂ ਆਪਣੇ ਨੁਸਖੇ ਲੈਣੇ ਚਾਹੀਦੇ ਹਨ?

ਹਾਂ। ਤੁਹਾਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਕਰਦੇ ਰਹਿਣਾ ਮਹੱਤਵਪੂਰਨ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਲੋੜੀਂਦੀ ਦੇਖਭਾਲ ਪ੍ਰਾਪਤ ਕਰਕੇ ਸੁਰੱਖਿਅਤ ਮਹਿਸੂਸ ਕਰੋ। ਅਸੀਂ ਪ੍ਰਦਾਤਾ ਭਾਈਚਾਰਿਆਂ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਨੂੰ ਤੁਹਾਡੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਕੀਤੀ ਜਾ ਸਕੇ ਅਤੇ Washington ਵਿੱਚ ਹਰ ਕਿਸੇ ਨੂੰ ਸੁਰੱਖਿਅਤ, ਪਹੁੰਚਯੋਗ ਸਿਹਤ ਦੇਖਭਾਲ ਪ੍ਰਦਾਨ ਕਰਨਾ ਜਾਰੀ ਰੱਖਿਆ ਜਾ ਸਕੇ।

## ਮੈਂ ਆਪਣੀ ਗੋਪਨੀਯਤਾ ਬਾਰੇ ਸਵਾਲਾਂ ਅਤੇ ਚਿੰਤਾਵਾਂ ਲਈ ਕਿਸ ਨਾਲ ਸੰਪਰਕ ਕਰ ਸਕਦਾ ਹਾਂ?

### ਜਨਤਕ ਲਾਭ ਅਤੇ ਇਮੀਗ੍ਰੇਸ਼ਨ

**ਜੇਕਰ ਤੁਸੀਂ ਇਸ ਬਾਰੇ ਚਿੰਤਤ ਹੋ ਕਿ ਜਨਤਕ ਲਾਭਾਂ ਦੀ ਵਰਤੋਂ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ**, ਤਾਂ ਇੱਕ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਕਰੋ। ਤੁਸੀਂ immigrationlawhelp.org 'ਤੇ Washington ਵਿੱਚ ਮੁਫ਼ਤ ਜਾਂ ਘੱਟ ਕੀਮਤ ਵਾਲੀ ਕਾਨੂੰਨੀ ਮਦਦ ਲੱਭ ਸਕਦੇ ਹੋ। ਇਹ ਸਾਈਟ ਘੱਟ ਆਮਦਨ ਵਾਲੇ ਪ੍ਰਵਾਸੀਆਂ ਨੂੰ ਭਰੋਸੇਯੋਗ ਕਾਨੂੰਨੀ ਸਹਾਇਤਾ ਲੱਭਣ ਵਿੱਚ ਮਦਦ ਕਰਦੀ ਹੈ।

ਜਨਤਕ ਲਾਭ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹਨ, ਇਸ ਬਾਰੇ ਵਧੇਰੇ ਜਾਣਕਾਰੀ ਲਈ, USCIS ਜਨਤਕ ਚਾਰਜ ਪ੍ਰਕਿਰਿਆਵਾਂ ਅਤੇ ਪ੍ਰਕਿਰਿਆਵਾਂ 'ਤੇ ਜਾਓ।

### ਆਪਣੇ ਅਧਿਕਾਰਾਂ ਨੂੰ ਜਾਣੋ

ਜੇਕਰ ਤੁਸੀਂ DHS ਕੋਲ ਤੁਹਾਡੀ ਜਾਣਕਾਰੀ ਹੋਣ ਬਾਰੇ ਚਿੰਤਤ ਹੋ, ਤਾਂ Washington ਸਟੇਟ ਆਫਿਸ ਆਫ਼ ਦ ਅਟਾਰਨੀ ਜਨਰਲ ਦੇ ਆਪਣੇ ਅਧਿਕਾਰ ਜਾਣੋ: Washington ਵਿੱਚ ਸਿਵਲ ਇਮੀਗ੍ਰੇਸ਼ਨ ਇਨਫੋਰਸਮੈਂਟ ਵੈੱਬਪੇਜ 'ਤੇ ਜਾਓ। ਅਨੁਵਾਦਿਤ ਸਰੋਤਾਂ ਲਈ ਹੇਠਾਂ ਦਿੱਤੀਆਂ ਭਾਸ਼ਾਵਾਂ 'ਤੇ ਕਲਿੱਕ ਕਰੋ।

Amharic | Arabic | Chinese (Simplified) | Chinese (traditional) | German | Hindi | Japanese | Khmer | Korean | Marshallese | Punjabi | Russian | Samoan | Somali | Spanish | Tagalog | Ukrainian | Vietnamese

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

HCA ਤੁਹਾਡੀ ਜਾਣਕਾਰੀ ਦੀ ਰੱਖਿਆ ਕਿਵੇਂ ਕਰਦਾ ਹੈ, ਇਸ ਬਾਰੇ ਹੋਰ ਪੜ੍ਹਨ ਲਈ, hca.wa.gov/apple-health-privacy 'ਤੇ ਜਾਓ।